# Video Conference of senior trade officials of SAARC countries on dealing with the impact of Covid-19 on intra-regional trade

April 08, 2020

…………………………………………………………………………………………

## ਅੰਤਰ-ਖੇਤਰੀ ਵਪਾਰ 'ਤੇ ਪੈਣ ਵਾਲੇ ਕੋਵਿਡ -19 ਦੇ ਪ੍ਰਭਾਵਾਂ ਨਾਲ ਨਜਿੱਠਣ ਬਾਰੇ SAARC ਦੇਸ਼ਾਂ ਦੇ ਸੀਨੀਅਰ ਵਪਾਰਕ ਅਧਿਕਾਰੀਆਂ ਦੀ ਵੀਡੀਓ ਕਾਨਫਰੰਸ

08 ਅਪ੍ਰੈਲ, 2020

ਪ੍ਰਧਾਨ ਮੰਤਰੀ ਦੁਆਰਾ 15 ਮਾਰਚ, 2020 ਨੂੰ SAARC ਆਗੂਆਂ ਦੀ ਵੀਡੀਓ ਕਾਨਫਰੰਸ ਦੌਰਾਨ ਕੀਤੇ ਗਏ ਐਲਾਨ ਤੋਂ ਬਾਅਦ ਦੀ ਕਾਰਵਾਈ ਦੇ ਤੌਰ 'ਤੇ SAARC ਦੇਸ਼ਾਂ ਦੇ ਸੀਨੀਅਰ ਵਪਾਰਕ ਅਧਿਕਾਰੀਆਂ ਨੂੰ ਸੱਦਾ ਦੇ ਕੇ ਯਾਤਰਾ 'ਤੇ ਲੱਗੀਆਂ ਪਾਬੰਦੀਆਂ ਦੇ ਅਸਰਾਂ ਅਤੇ ਅੰਤਰ-ਖੇਤਰੀ ਵਪਾਰ 'ਤੇ ਪੈਣ ਵਾਲੇ ਕੋਵਿਡ -19 ਦੇ ਵੱਡੇ ਪ੍ਰਭਾਵਾਂ ਬਾਰੇ ਗੱਲਬਾਤ ਕਰਨ ਲਈ 8 ਅਪ੍ਰੈਲ, 2020 ਨੂੰ ਵੀਡੀਓ ਕਾਨਫਰੰਸ ਕੀਤੀ ਗਈ।

ਇਸ ਵੀਡੀਓ ਕਾਨਫਰੰਸ ਵਿੱਚ ਪਾਕਿਸਤਾਨ ਨੂੰ ਛੱਡ ਸਾਰੇ SAARC ਦੇਸ਼ਾਂ ਨੇ ਹਿੱਸਾ ਲਿਆ।

ਮੌਜੂਦਾ ਚੁਣੌਤੀਪੂਰਨ ਹਾਲਾਤ ਅੰਦਰ ਡੂੰਘੇ ਸਾਂਝੇ ਹਿਤਾਂ ਅਤੇ ਸਮੱਸਿਆ ਦਾ ਹੱਲ ਕੱਢਣ ਵਾਲੇ ਨਜ਼ਰੀਏ ਦਾ ਮੁਜਾਹਰਾ ਕਰਦੇ ਹੋਏ ਸਾਰੇ ਦੇਸ਼ਾਂ ਨੇ ਵਪਾਰ ਨਾਲ ਜੁੜੇ ਵਿਆਪਕ ਏਜੰਡੇ ਉੱਤੇ ਹੋਏ ਵਿਚਾਰ ਵਟਾਂਦਰੇ ਵਿੱਚ ਸਰਗਰਮ ਯੋਗਦਾਨ ਪਾਇਆ। ਇਸ ਗੱਲ 'ਤੇ ਸਹਿਮਤੀ ਹੋਈ ਕਿ ਕੋਵਿਡ -19 ਮਹਾਂਮਾਰੀ ਦਾ SAARC ਖੇਤਰ ਅੰਦਰ ਵਪਾਰ 'ਤੇ ਕਾਫ਼ੀ ਮਾੜਾ ਅਸਰ ਹੋਣ ਦੀ ਸੰਭਾਵਨਾ ਹੈ। ਇਹ ਦੇਸ਼ ਹਾਲਾਤ ਨਾਲ ਨਜਿੱਠ ਸਕਣ - ਇਸ ਲਈ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪਹਿਲਾਂ ਵਰਗੇ ਹਾਲਾਤ ਦੀ ਪੂਰਨ ਬਹਾਲੀ ਨਾ ਹੋਣ ਤੱਕ ਅੰਤਰ-ਖੇਤਰੀ ਵਪਾਰ ਨੂੰ ਬਣਾਏ ਰੱਖਣ ਅਤੇ ਇਸਨੂੰ ਵਧਾਉਣ ਲਈ ਸਾਂਝੇ ਤੌਰ 'ਤੇ ਨਵੇਂ ਤਰੀਕਿਆਂ ਦੀ ਪਛਾਣ ਕਰਨ ਦੀ ਲੋੜ ਹੈ। SAARC ਖੇਤਰ ਅੰਦਰ ਜ਼ਰੂਰੀ ਵਪਾਰ ਨੂੰ ਕਾਇਮ ਰੱਖਣ ਦੀ ਲੋੜ ਨੂੰ ਮਹੱਤਵਪੂਰਨ ਖੇਤਰ ਮੰਨਿਆ ਗਿਆ।

ਵੀਡੀਓ ਕਾਨਫਰੰਸ ਵਿੱਚ ਵਿਚਾਰੇ ਗਏ ਕੁਝ ਖਾਸ ਮੁੱਦਿਆਂ 'ਚ ਸ਼ਾਮਲ ਸਨ - ਵਪਾਰ ਨੂੰ ਸੁਖਾਲਾ ਬਣਾਉਣ ਲਈ ਵਿਹਾਰਕ ਹੱਲ ਅਪਨਾਉਣਾ ਜਿਵੇਂ ਢੁਕਵੀਆਂ ਸ਼ਰਤਾਂ 'ਤੇ ਤਰਜੀਹੀ ਸ਼ੁਲਕ ਨਾਲ ਦਰਾਮਦ ਦੀ ਆਰਜ਼ੀ ਪ੍ਰਵਾਨਗੀ, ਮੂਲ ਥਾਂ ਬਾਰੇ ਡਿਜੀਟਲ ਦਸਤਖਤ ਵਾਲ਼ੇ ਸਰਟੀਫਿਕੇਟ ਨੂੰ ਆਰਜ਼ੀ ਮੰਜ਼ੂਰੀ, ਕਸਟਮਜ਼ ਦੁਆਰਾ ਦਰਾਮਦਾ ਕੀਤੇ ਗਏ ਸਮਾਨ ਦੀ ਕਲੀਅਰੈਂਸ ਅਤੇ ਬੈਂਕਾਂ ਦੁਆਰਾ ਭੁਗਤਾਨ ਜਾਰੀ ਕਰਨ ਲਈ ਦਸਤਾਵੇਜ਼ਾਂ ਦੀਆਂ ਸਕੈਨ ਕੀਤੀਆਂ ਕਾੱਪੀਆਂ ਨੂੰ ਪ੍ਰਵਾਨਗੀ ਅਤੇ ਜ਼ਮੀਨੀ ਸਰਹੱਦ 'ਤੇ ਜ਼ਮੀਨੀ ਕਸਟਮ ਸਟੇਸ਼ਨਾਂ' ਤੇ ਬਰਾਮਦ / ਦਰਾਮਦ ਅੱਗੇ ਮੌਜੂਦ ਮਸਲਿਆਂ ਦਾ ਹੱਲ। SAARC ਖੇਤਰ ਅੰਦਰ ਵਪਾਰ ਨੂੰ ਸੁਖਾਲਾ ਬਣਾਉਣ ਦੇ ਵਿਆਪਕ ਢਾਂਚੇ ਵਿੱਚ ਖੇਤਰੀ ਵਪਾਰ 'ਤੇ ਕੋਵਿਡ -19 ਵਰਗੀਆਂ ਸਿਹਤ ਸਮਸਿਆਵਾਂ ਦੇ ਪੈਣ ਵਾਲੇ ਅਸਰ ਅਤੇ ਇਸ ਨਾਲ ਨਜਿੱਠਣ ਲਈ ਸੰਭਾਵਤ ਉਪਾਵਾਂ ਨੂੰ ਵਿਚਾਰ ਵਟਾਂਦਰਾ ਕਰਨ ਦੇ ਨਵੇਂ ਫੋਕਸ ਖੇਤਰ ਵਜੋਂ ਮੰਨਿਆ ਗਿਆ। SAARC ਖੇਤਰ ਅੰਦਰਲੇ ਆਪਸੀ ਵਪਾਰ ਦੀ ਮਾਤਰਾ ਵਧਾਉਣ ਦੀ ਲੋੜ ਤੇ ਵੀ ਚਾਨਣਾ ਪਾਇਆ ਗਿਆ।

ਵਿਆਪਕ ਵਿਚਾਰ ਵਟਾਂਦਰੇ ਤੋਂ ਬਾਅਦ ਹਿੱਸਾ ਲੈਣ ਵਾਲੇ ਸਾਰੇ ਦੇਸ਼ਾਂ ਨੇ ਹਰ ਦੇਸ਼ ਵਿੱਚ ਇੱਕ ਨਿਰਧਾਰਤ ਫੋਕਲ ਪੁਆਇੰਟ ਰਾਹੀਂ ਨੇੜਲਾ ਅਤੇ ਨਿਯਮਤ ਸੰਪਰਕ ਕਾਇਮ ਰੱਖਣ ਦੀ ਤਜਵੀਜ਼ ਦਿੱਤੀ। ਭਾਰਤੀ ਪੱਖ ਨੇ ਇਸ ਅਭਿਆਸ ਦਾ ਤਾਲਮੇਲ ਕਰਨ ਦੀ ਪੇਸ਼ਕਸ਼ ਕੀਤੀ, ਜਿਸ ਨਾਲ ਕੋਵਿਡ -19 ਸੰਕਟ ਦੇ ਨਤੀਜੇ ਵਜੋਂ ਆਵਾਜਾਈ ਉੱਤੇ ਲੱਗੀਆਂ ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਇਸ ਖੇਤਰ ਵਿੱਚ ਪਹਿਲਾਂ ਵਾਂਗ ਵਪਾਰ ਦੀ ਜਲਦ ਬਹਾਲੀ ਲਈ ਵਿਚਾਰਾਂ ਅਤੇ ਤਜਵੀਜ਼ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਵਿਚਾਰ-ਵਟਾਂਦਰਾ ਵੀ ਸੰਭਵ ਹੋ ਸਕੇਗਾ।

ਨਵੀਂ ਦਿੱਲੀ
08 ਅਪ੍ਰੈਲ, 2020

DISCLAIMER: This is an approximate translation. The original is available in English on MEA’s website and may be referred to as the official press release.